ਨਿਊਜ਼ ਰਿਲੀਜ਼

# ਨਵੇਂ ਮਾਰਕੀਟ ਰੂਲਾਂ ਦੁਆਰਾ ਪਾਵਰ ਰੇਟ ਅੱਧ ਤੱਕ ਘਟੇ

5 ਸਤੰਬਰ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਦੁਆਰਾ ਯੂਟਿਲਿਟੀ ਬਿੱਲਾਂ ਨੂੰ ਘਟਾਉਣ ਵਾਸਤੇ ਲਿਆਂਦੇ ਨਵੇਂ ਮਰਕੀਟ ਰੂਲਾਂ ਦੇ ਨਤੀਜੇ ਵਜੋਂ ਬਿਜਲੀ ਦੀਆਂ ਸਾਲ ਦਰ ਸਾਲ ਘਟਦੀਆਂ ਕੀਮਤਾਂ ਅਗਸਤ ਮਹੀਨੇ ਲਈ 60 ਪ੍ਰਤਿਸ਼ਤ ਦੇ ਨੇੜੇ ਤੇੜੇ ਘਟ ਗਈਆਂ।

ਰੋਜ਼ਮੱਰਾ ਦੀਆਂ ਜ਼ਰੂਰਤਾਂ, ਜਿਵੇਂ ਬਿਜਲੀ ਦੇ ਖਰਚਿਆਂ ਨੂੰ ਘੱਟ ਕਰਨਾਂ ਐਲਬਰਟਾ ਸਰਕਾਰ ਦੀ ਸਿਰੇ ਦੀ ਤਰਜ਼ੀਹ ਹੈ। ਇਸ ਦੀ ਪ੍ਰਾਪਤੀ ਲਈ ਐਲਬਰਟਾ ਸਰਕਾਰ ਸਮੁੱਚੇ ਬਿਜਲੀ ਪ੍ਰਬੰਧ ਦਾ ਆਧੁਨਿਕੀਕਰਨ ਕਰ ਰਹੀ ਹੈ, ਜਿਸ ਨਾਲ ਯੂਟਿਲਿਟੀ ਬਿੱਲਾਂ ਨੂੰ ਘਟਾਉਣ ਲਈ ਲੰਮੀ ਮਿਆਦ ਦੇ ਸਮਾਧਾਨ ਅਤੇ ਐਲਬਰਟਾ ਦੇ ਖਪਤਕਾਰਾਂ ਨੂੰ ਸੁਰੱਖਿਆ ਮੁਹੱਈਆ ਹੋ ਰਹੀ ਹੈ। ਪਾਵਰ ਦੀਆਂ ਕੀਮਤਾਂ ਨੂੰ ਉਪਰ ਜਾਣ ਤੋਂ ਰੋਕਣ ਲਈ 1 ਜੁਲਾਈ ਨੂੰ ਲਾਗੂ ਹੋਏ ਅਤੇ ਨਵੇਂ ਸਾਲ 'ਚ ਹੋਰ ਵਧੇਰੇ ਆਉਣ ਵਾਲੇ ਉਪਾਵਾਂ ਸਹਿਤ, ਇਹ ਕੰਮ ਪਹਿਲਾਂ ਹੀ ਚੰਗੀ ਤਰ੍ਹਾਂ ਚੱਲ ਰਿਹਾ ਹੈ। ਆਧੁਨਿਕੀਕਰਨ ਬਾਰੇ ਸਰਕਾਰ ਦੇ ਮੁਢਲੇ ਕੰਮ ਦਾ ਮਲਤਬ  ਹੈ ਕਿ ਐਲਬਰਟਾ ਨਿਵਾਸੀਆਂ ਨੇ ਆਪਣੇ ਬਿਜਲੀ ਦੇ ਬਿੱਲਾਂ 'ਚ ਅਗਸਤ ਮਹੀਨੇ ਤਕਰੀਬਨ 60 ਪ੍ਰਤਿਸ਼ਤ ਦੀ ਮਹੱਤਵਪੂਰਨ ਗਿਰਾਵਟ ਪਹਿਲਾਂ ਹੀ ਵੇਖ ਲਈ ਹੈ।

"ਸਾਡੀ ਸਰਕਾਰ ਨੇ ਐਲਬਰਟਾ ਨਿਵਾਸੀਆਂ ਦੇ ਯੂਟਿਲਿਟੀ ਬਿੱਲਾਂ ਨੂੰ ਹੇਠਾਂ ਲਿਆਉਂਣ ਦਾ ਵਾਅਦਾ ਕੀਤਾ ਸੀ, ਅਤੇ ਮੈਨੂੰ ਇਹ ਵੇਖਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਸਾਡੇ ਯਤਨ ਨਤੀਜੇ ਪ੍ਰਦਾਨ ਕਰ ਰਹੇ ਹਨ। ਨੰਬਰ ਆਪਣੇ ਵਾਸਤੇ ਆਪ ਬੋਲਦੇ ਹਨ ਅਤੇ ਸਾਬਤ ਕਰਦੇ ਹਨ ਕਿ ਸਾਡੀ ਸਰਕਾਰ ਦੀਆਂ ਨਵੀਆਂ ਪਾਲਿਸੀਆਂ ਕੰਮ ਕਰ  ਰਹੀਆਂ ਹਨ ਅਤੇ ਬਹੁਤ ਸਾਰੀਆਂ ਅਜੇ ਆਉਣੀਆਂ ਬਾਕੀ ਹਨ।"

*Nathan Neudorf, ਮਿਨਿਸਟਰ ਆਫ ਅਫੋਰਡੇਬਿਲਿਟੀ ਐਂਡ ਯੂਟਿਲਿਟੀਜ਼*

1 ਜੁਲਾਈ ਨੂੰ ਲਾਗੂ ਹੋਣ ਤੋਂ ਲੈ ਕੇ *ਮਾਰਕੀਟ ਪਾਵਰ ਮਿਟੀਗੇਸ਼ਨ ਰੈਗੁਲੇਸ਼ਨ* ਪਹਿਲਾਂ ਹੀ ਐਲਬਰਟਾ ਨਿਵਾਸੀਆਂ ਦੀ ਜੇਬ 'ਚ ਵਧੇਰੇ ਪੈਸਾ ਬਣਿਆ ਰੱਖ ਰਿਹਾ ਹੈ। ਇਹ ਰੈਗੂਲੇਸ਼ਨ ਐਲਬਰਟਾ ਨਿਵਾਸੀਆਂ ਲਈ ਬਦਲਦੇ ਰੇਟਾਂ ਵਾਲੇ ਕਾਂਟਰੈਕਟਾਂ ਨਾਲ ਉੱਪਰ ਜਾਂਦੀਆਂ

ਪਾਵਰ ਕੀਮਤਾਂ ਦੀ ਰੋਕਥਾਮ ਕਰਦਾ ਹੈ। ਲਾਗੂ ਕੀਤੇ ਜਾਣ ਦੇ ਕੁਝ ਹਫਤਿਆਂ 'ਚ ਹੀ, ਇਸ ਰੈਗੂਲੇਸ਼ਨ ਨੇ ਐਲਬਰਟਾ ਨਿਵਾਸੀਆਂ ਦੀ ਬਦਲਦੇ ਰੇਟਾਂ ਵਾਲੇ ਕਾਂਟਰੈਕਟਾਂ ਨਾਲ ਕੀਮਤਾਂ 'ਚ ਉਸ ਵੇਲੇ ਹੋਣ ਵਾਲੇ ਵਾਧੇ ਤੋਂ ਸੁਰੱਖਿਆ ਕੀਤੀ ਜਦੋਂ ਗਰਮੀਆਂ 'ਚ ਗਰਮੀ ਦੀ ਲਹਿਰ ਨੇ ਪਾਵਰ ਦੀ ਮੰਗ ਨੂੰ ਵਧਾ ਦਿੱਤਾ, ਤੇ ਜਿਸ ਸਮੇਂ ਪਾਵਰ ਤੱਕ ਪਹੁੰਚ ਬੜੀ ਗੰਭੀਰ ਸੀ। *ਮਾਰਕੀਟ ਪਾਵਰ ਮਿਟੀਗੇਸ਼ਨ ਰੈਗੂਲੇਸ਼ਨ* ਕਾਰਗਰ ਰਿਹਾ ਹੈ ਅਤੇ ਇਸਨੇ ਸਾਲ ਦਰ ਸਾਲ ਅਗਸਤ ਮਹੀਨੇ ਲਈ ਪਾਵਰ ਦੀਆਂ ਕੀਮਤਾਂ ਨੂੰ 60 ਪ੍ਰਤਿਸ਼ਤ ਦੇ ਨੇੜੇ-ਤੇੜੇ ਤੱਕ ਘਟਾਇਆ ਹੈ। ਆਜ਼ਾਦਾਨਾਂ ਰਿਪੋਰਟਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਇਹ ਰੈਗੂਲੇਸ਼ਨ ਆਉਣ ਵਾਲੇ ਦਹਾਕੇ ਦੌਰਾਨ ਐਲਬਰਟਾ ਨਿਵਾਸੀਆਂ ਲਈ 8 ਬਿਲੀਅਨ ਡਾਲਰ ਤੋਂ ਵੱਧ ਦੀ ਬੱਚਤ ਕਰੇਗਾ।

**ਚਾਰਟ 1 - ਐਲਬਰਟਾ 'ਚ ਬਿਜਲੀ ਦੇ ਡਿਫਾਲਟ ਰੇਟ ਦੀਆਂ ਕੀਮਤਾਂ ਦੀ ਤੁਲਨਾਂ: ਅਗਸਤ 2023 ਬਨਾਮ ਅਗਸਤ 2024**




**ਸਾਰਣੀ 1 - ਐਲਬਰਟਾ ਭਰ 'ਚ ਡਿਫਾਲਟ ਬਿਜਲੀ ਰੇਟਾਂ ਦੀ ਔਸਤਨ ਮਾਸਿਕ ਕੀਮਤ:  2023 ਬਨਾਮ 2024**

| | **2023** | **2024** |
|---|---|---|
| **ਜੁਲਾਈ** | 27.50 c/kWh | 11.86 c/kWh |
| **ਅਗਸਤ** | 32.27 c/kWh | 13.19 c/kWh |

**ਪੰਜ ਮੁੱਖ ਡਿਫਾਲਟ ਰੇਟ ਪ੍ਰਦਾਨਕਰਤਿਆਂ ਦੀ ਔਸਤਨ ਮਾਸਿਕ ਕੀਮਤ (ENMAX, EPCOR, FortisAlberta, ATCO Electric)*

*ਸਰੋਤ: ਐਲਬਰਟਾ ਯੂਟਿਲਿਟੀਜ਼ ਕਮਿਸ਼ਨ*

ਯੂਟਿਲਿਟੀ ਬਿੱਲਾਂ ਨੂੰ ਘਟਾਉਣ ਲਈ ਹੋਰ ਵਧੀਕ ਉਪਾਅ 2025 'ਚ ਲਾਗੂ ਹੋ ਜਾਣਗੇ, ਜਿਵੇਂ ਕਿ *ਯੂਟਿਲਿਟੀਜ਼ ਅਫੋਰਡੇਬਿਲਿਟੀ ਸਟੈਚਿਊਟਸ ਅਮੈਂਡਮੈਂਟ ਐਕਟ* (UASAA), ਬਿਜਲੀ ਕੰਪਨੀਆਂ ਵੱਲੋਂ ਤੈਅ ਕੀਤੇ ਸਟੈਂਡਰਡ ਰੇਟਾਂ 'ਚ ਨਿਯਮਤਕਾਰੀ ਤਬਦੀਲੀਆਂ, ਅਤੇ ਉਸ ਤਰੀਕੇ 'ਚ ਤਬਦੀਲੀਆਂ, ਜਿਸ ਅਨੁਸਾਰ ਟ੍ਰਾਂਸਮਿਸ਼ਨ ਖਰਚੇ ਅਲਾਟ ਕੀਤੇ ਜਾਂਦੇ ਹਨ। UASAA ਅਪਰੈਲ 'ਚ ਪਾਸ ਹੋਇਆ ਸੀ, ਜੋ ਡਿਫਾਲਟ/ਕੰਪਨੀ ਵੱਲੋਂ ਤੈਅ ਬਿਜਲੀ ਰੇਟ ਨੂੰ ਰੇਟ ਆਫ ਲਾਸਟ ਰਿਜ਼ੋਰਟ/ਅੰਤਮ ਯਤਨ ਵਾਲਾ ਰੇਟ ਦਾ ਨਵਾਂ ਨਾਂ ਦਿੰਦਾ ਹੈ ਅਤੇ ਜੋ ਲੋਕਲ ਐਕਸੈੱਸ ਫੀਸਾਂ ਨੂੰ ਘੱਟ ਅਤੇ ਸਥਿਰ ਕਰੇਗਾ। ਇਸ ਇਕੱਲੇ ਕਾਨੂੰਨ ਨਾਲ ਅੰਦਾਜ਼ਾ ਹੈ ਕਿ ਇਕ ਔਸਤ ਪਰਿਵਾਰ ਆਪਣੇ ਪਾਵਰ ਬਿੱਲਾਂ 'ਤੇ ਡਿਫਾਲਟ ਬਿਜਲੀ ਰੇਟਾਂ ਦੇ ਹਿਸਾਬ ਨਾਲ 937 ਡਾਲਰ ਪ੍ਰਤਿ ਵਰਸ਼ ਦੀ ਬੱਚਤ ਕਰੇਗਾ।

ਐਲਬਰਟਾ ਸਰਕਾਰ ਬਿਜਲੀ ਦੇ ਖਰਚਿਆਂ ਨੂੰ ਘੱਟ ਕਰਨ ਦੁਆਰਾ, ਤੇ ਇਹ ਯਕੀਨੀ ਬਣਾਉਣ ਦੁਆਰਾ ਕਿ ਐਲਬਰਟਾ ਵਾਸੀਆਂ ਦੀ ਖੂਨ-ਪਸੀਨੇ ਦੀ ਕਮਾਈ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ 'ਚ ਬਣੀ ਰੱਖਿਆ ਜਾਵੇ, ਖੁਸ਼ਹਾਲੀ ਦੇ ਰਸਤੇ ਸਿਰਜ ਰਹੀ ਹੈ। ਯੂਟਿਲਿਟੀਜ਼ ਕੰਜ਼ਿਊਮਰ ਐਡਵੋਕੇਟ (UCA) ਐਲਬਰਟਾ ਵਾਸੀਆਂ ਦੀ ਯੂਟਿਲਿਟੀ ਮਾਰਕੀਟ ਨੂੰ ਚੰਗੇਰੀ ਤਰ੍ਹਾਂ ਸਮਝਣ ਅਤੇ ਖੋਜਣ 'ਚ ਲਗਾਤਾਰ ਮਦਦ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਵਕਾਲਤ ਨੇ ਪਿਛਲੇ 20 ਸਾਲਾਂ ਦੌਰਾਨ ਐਲਬਰਟਾ ਵਾਸੀਆਂ ਵਾਸਤੇ 3.2 ਬਿਲੀਅਨ ਡਾਲਰ ਤੋਂ ਵੱਧ ਦੀ ਬੱਚਤ ਕਰਵਾਈ ਹੈ। ਐਲਬਰਟਾ ਨਿਵਾਸੀਆਂ ਨੂੰ, ਜਿੰਨ੍ਹਾਂ ਨੂੰ ਆਪਣੇ ਯੂਟਿਲਿਟੀ ਬਿੱਲਾਂ ਸਬੰਧੀ ਕੋਈ ਸਹਾਇਤਾ ਚਾਹੀਦੀ ਹੈ ਜਾਂ ਜਿਹੜੇ ਆਪਣੇ ਰਿਟੇਲ ਪ੍ਰੋਵਾਈਡਰ ਨਾਲ ਕਿਸੇ ਝਗੜੇ 'ਚ ਪਏ ਹਨ, UCA ਨਾਲ ਸੰਪਰਕ ਕਰਨਾਂ ਚਾਹੀਦਾ ਹੈ।

## ਸਬੰਧਤ ਜਾਣਕਾਰੀ

- ਯੂਟਿਲਿਟੀਜ਼ ਕੰਜ਼ਿਊਮਰ ਐਡਵੋਕੇਟ (UCA)
- *ਯੂਟਿਲਿਟੀਜ਼ ਅਫੋਰਡੇਬਿਲਿਟੀ ਸਟੈਚਿਊਟਸ ਅਮੈਂਡਮੈਂਟ ਐਕਟ, 2024*
- ਮਾਰਕੀਟ ਪਾਵਰ ਮਿਟੀਗੇਸ਼ਨ ਰੈਗੂਲੇਸ਼ਨ
- ਰੈਗੂਲੇਟਿਡ ਰੇਟ ਆਪਸ਼ਨ, ਐਲਬਰਟਾ ਯੂਟਿਲਿਟੀਜ਼ ਕਮਿਸ਼ਨ